# ਨਗਰ ਕੌਂਸਲ, ਮਾਨਸਾ

## *ਨਗਰ ਕੌਂਸਲ ਦੀ ਬਣਤਰ*

ਇਹ ਨਗਰ ਕੌਂਸਲ ਸਾਲ 1872 ਵਿੱਚ ਹੋਂਦ ਵਿੱਚ ਆਈ ਸੀ। ਇਹ ਜ਼ਿਲ੍ਹਾ ਪੱਧਰ ਦੀ 'ਏ' ਕਲਾਸ ਨਗਰ ਕੌਂਸਲ ਹੈ। ਨਗਰ ਕੌਂਸਲ ਦਾ ਦਫ਼ਤਰ ਰੇਲਵੇ ਸਟੇਸ਼ਨ ਦੇ ਨਜ਼ਦੀਕ ਹੈ ਅਤੇ ਕਾਰਜ ਸਾਧਕ ਅਫ਼ਸਰ ਇਸ ਦੇ ਮੁਖੀ ਹੁੰਦੇ ਹਨ। ਸਹਾਇਕ ਮਿਉਂਸਪਲ ਇੰਜੀਨੀਅਰ, ਚੁੰਗੀ ਸੁਪਰਡੈਂਟ, ਲੇਖਾਕਾਰ, ਸੈਨੇਟਰੀ ਇੰਸਪੈਕਟਰ, ਨਗਰ ਕੌਂਸਲ ਦੇ ਕੰਮ ਕਾਜ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਕਾਰਜ ਸਾਧਕ ਅਫ਼ਸਰ ਨੂੰ ਪੂਰਾ-ਪੂਰਾ ਸਹਿਯੋਗ ਦਿੰਦੇ ਹਨ।

## *ਨਗਰ ਕੌਂਸਲ ਵੱਲੋਂ ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ :*

1 ਸ਼ਹਿਰ ਵਾਸੀਆਂ ਲਈ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ।

2 ਮੀਂਹ ਅਤੇ ਗੰਦੇ ਪਾਣੀ ਦੇ ਨਿਕਾਸ ਲਈ ਸੀਵਰੇਜ਼ ਦਾ ਪ੍ਰਬੰਧ ਕਰਨਾ।

3 ਗਲੀਆਂ, ਸ਼ੜਕਾਂ ਆਦਿ ਵਿੱਚ ਰੋਸ਼ਨੀ ਦਾ ਪ੍ਰਬੰਧ ਕਰਨਾ।

4 ਪੱਕੀਆਂ ਗਲੀਆਂ, ਨਾਲੀਆਂ ਅਤੇ ਸ਼ੜਕਾਂ ਦਾ ਨਿਰਮਾਣ ਅਤੇ ਮੁਰੰਮਤ ਕਰਨਾ।

5 ਗਲੀਆਂ ਨਾਲੀਆਂ ਅਤੇ ਸ਼ੜਕਾਂ ਆਦਿ ਅਤੇ ਮੁਹੱਲਿਆਂ ਵਿੱਚ ਸਫਾਈ ਕਰਵਾਉਣਾ।

6 ਸ਼ਹਿਰ ਵਿੱਚ ਮਕਾਨਾਂ ਅਤੇ ਦੁਕਾਨਾਂ ਦੇ ਮੱਦੇ ਨਜ਼ਰ ਸ਼ਹਿਰ ਦੇ ਹੋਰ ਵਿਕਾਸ ਕਾਰਜ ਅਤੇ ਵਿਉਂਤਬੰਦੀ ਕਰਨਾ।

## ਮਕਾਨਾਂ ਅਤੇ ਦੁਕਾਨਾਂ ਦੇ ਨਕਸ਼ੇ ਪਾਸ ਕਰਨ ਸਬੰਧੀ

ਨਗਰ ਕੌਂਸਲ ਦੀ ਹੱਦ ਅੰਦਰ ਬਨਣ ਵਾਲੇ ਮਕਾਨਾਂ/ਦੁਕਾਨਾਂ/ਗੁਦਾਮਾਂ/ਕਾਰਖਾਨਿਆਂ ਆਦਿ ਇਮਾਰਤਾਂ ਦੇ ਨਕਸ਼ੇ ਮਿਉਂਸਪਲ ਕਮੇਟੀ ਵੱਲੋਂ ਪਾਸ ਕੀਤੇ ਜਾਂਦੇ ਹਨ। ਇਹ ਨਕਸ਼ੇ ਨਵੀਂ ਬਨਣ ਵਾਲੀ ਇਮਾਰਤ ਅਤੇ ਬਣੀ ਹੋਈ ਇਮਾਰਤ ਵਿੱਚ ਤਬਦੀਲੀ ਕਰਨ ਲਈ ਪਾਸ ਕਰਵਾਏ ਜਾਂਦੇ ਹਨ। ਅਰਜੀ ਦੇ ਨਾਲ ਕੁਝ ਦਸਤਾਵੇਜ਼ ਵੀ ਲਗਾਏ ਜਾਂਦੇ ਹਨ ਜਿੰਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :-

1 ਥਾਂ ਦੀ ਮਾਲਕੀ ਦੇ ਸਬੂਤ ਵਜੋਂ ਰਜਿਸਟਰੀ ਦੀ ਤਸਦੀਕ ਸ਼ੁਦਾ ਕਾਪੀ

2 ਇਮਾਰਤ ਦੇ ਨਕਸ਼ੇ ਦੀਆਂ 2 ਕਾਪੀਆਂ।

ਅਰਜ਼ੀ ਮੁਕੰਮਲ ਕਰਨ ਤੋਂ ਬਾਅਦ ਕਮੇਟੀ ਦੇ ਦਫ਼ਤਰ ਵਿੱਚ ਭਾਗ ਅਫ਼ਸਰ ਨੂੰ ਲੋੜੀਂਦੀ ਫੀਸ ਸਮੇਤ ਦਿੱਤੀ ਜਾਂਦੀ ਹੈ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

1 ਰਿਹਾਇਸ਼ੀ ਮਕਾਨ 2.50 ਰੁਪੈ ਪ੍ਰਤੀ ਵਰਗ ਫੁੱਟ

2 ਕਮਰਸ਼ੀਅਲ 5/- ਰੁਪੈ ਪ੍ਰਤੀ ਵਰਗ ਫੁੱਟ

ਲੋੜੀਂਦੀ ਫੀਸ ਪ੍ਰਾਪਤ ਕਰਨ ਤੋਂ ਬਾਅਦ ਅਰਜ਼ੀ ਬਿਲਡਿੰਗ ਐਪਲੀਕੇਸ਼ਨ ਰਜਿਸਟਰ ਵਿੱਚ ਦਰਜ਼ ਕੀਤੀ ਜਾਂਦੀ ਹੈ ਅਤੇ ਭਾਗ ਅਫਸਰ ਵੱਲੋਂ ਮੌਕੇ ਤੇ ਜਾਂ ਪੜਤਾਲ ਕਰਕੇ ਆਪਣੀ ਰਿਪੋਰਟ ਦਫ਼ਤਰ ਵਿੱਚ ਦਿੱਤੀ ਜਾਂਦੀ ਹੈ।

ਪੜਤਾਲ ਵਿੱਚ ਇਹਨਾਂ ਗੱਲਾਂ ਦਾ ਧਿਆਨ ਰੱਖਿਆ ਜਾਂਦਾ ਹੈ।

1 ਸਬੰਧਤ ਵਿਅਕਤੀ ਵੱਲੋਂ ਕੋਈ ਸਰਕਾਰੀ ਜਾਂ ਗੈਰ ਸਰਕਾਰੀ ਜਾਂ ਕੌਂਸ਼ਲ ਦੀ ਸਾਂਝੀ ਜਗ੍ਹਾ ਤੇ ਕੋਈ ਇਨਕਰੋਚਮੈਂਟ (ਨਜ਼ਾਇਜ਼ ਕਬਜੇ ਵਿੱਚ) ਤਾਂ ਨਹੀਂ ਕੀਤੀ ਗਈ।

2 ਜਗ੍ਹਾ ਕਿਸੇ ਸ਼ਹਿਰੀ ਵਿਕਾਸ ਸਕੀਮ ਅਧੀਨ ਤਾਂ ਨਹੀਂ।

3 ਨਕਸ਼ਾ ਬਿਲਡਿੰਗ ਬਾਈ ਲਾਜ਼ ਅਧੀਨ ਬਣਿਆ ਹੋਇਆ ਹੈ ? ਤਬਦੀਲੀ ਕੀਤੀ ਜਾਣ ਵਾਲੀ ਇਮਾਰਤ ਜਾਂ ਢਾਹ ਕੇ ਬਣਾਈ ਜਾਣ ਵਾਲੀ ਇਮਾਰਤ ਦੀ ਪੜਤਾਲ ਸਮੇਂ ਬਕਾਇਆ ਟੈਕਸ ਬਾਰੇ ਧਿਆਨ ਦਿੱਤਾ ਜਾਂਦਾ ਹੈ।

ਉਪਰੋਕਤ ਫੀਸ ਤੋਂ ਇਲਾਵਾ ਪ੍ਰਾਰਥੀ ਪਾਸੋਂ ਹੇਠ ਲਿਖੇ ਅਨੁਸਾਰ ਡਿਵੈਲਪਮੈਂਟ ਚਾਰਜ ਲਏ ਜਾਂਦੇ ਹਨ :

1) ਰਿਹਾਇਸ਼ੀ 0.60 ਪੈਸੇ ਪ੍ਰਤੀ ਵਰਗ ਫੁੱਟ (ਕਵਰਡ ਏਰੀਆ)

2) ਕਮਰਸ਼ੀਅਲ 1.10 ਪੈਸੇ

ਨਗਰ ਕੌਂਸਲ ਵੱਲੋਂ ਬਿਲਡਿੰਗਾਂ ਦੀ ਉਸਾਰੀ ਸਬੰਧੀ ਹੇਠ ਲਿਖੇ ਅਨੁਸਾਰ ਮਲਬਾ ਚਾਰਜਿਜ਼ ਵੀ ਵਸੂਲ ਕੀਤੇ ਜਾਂਦੇ ਹਨ :

| | | | |
|---|---|---|---|
| 1) | 500 ਵਰਗ ਫੁੱਟ ਤੱਕ | - | 500 ਰੁਪੈ |
| 2) | 1000 ਵਰਗ ਫੁੱਟ ਤੱਕ | - | 1000 ਰੁਪੈ |
| 3) | 1500 ਵਰਗ ਫੁੱਟ ਤੱਕ | - | 1500 ਰੁਪੈ |
| 4) | 2000 ਵਰਗ ਫੁੱਟ ਤੱਕ | - | 2000 ਰੁਪੈ |
| 5) | 2000 ਵਰਗ ਫੁੱਟ ਤੱਕ | - | 0.50 ਰੁਪੈ ਪ੍ਰਤੀ ਵਰਗ ਫੁੱਟ ਤੱਕ |

ਜੇਕਰ ਪ੍ਰਾਰਥੀ ਵੱਲ ਨਗਰ ਕੌਂਸਲ ਦਾ ਕੋਈ ਬਿਕਾਇਆ ਹੋਵੇ ਤਾਂ ਨਕਸ਼ੇ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਂਦੀ।